ਸ਼ਹਿਰੀ ਖੇਤੀ ਉੱਦਮ

ਦੇਬੋਰਾਹ ਦੱਤਾ

ਸ਼ਹਿਰੀ ਇਲਾਕਿਆਂ ਨੂੰ ਉਤਪਾਦਨ ਅਤੇ ਖਪਤ ਦੇ ਮਾਮਲੇ ਵਿਚ ਭੋਜਨ ਦੇ ਨਾਲ ਆਪਣੇ ਸੰਬੰਧਾਂ ਤੋਂ ਮੁੜ ਵਿਚਾਰ ਕਰਨ ਦੀ ਜਰੂਰਤ ਹੈ ਕਿਉਂਕਿ ਜਲਵਾਯੂ ਪਰਿਵਰਤਨ ਖੇਤੀ ਦੇ ਉਦਯੋਗੀਕਰਨ ਕਾਰਨ ਭੂਮੀ ਨਿਘਾਰ ਕਾਰਨ ਭੋਜਨ ਸੁਰੱਖਿਆ ਲਈ ਇੱਕ ਗੰਭੀਰ ਚੁਣੌਤੀ ਖੜੀ ਹੋ ਗਈ ਹੈ। ਸਮੁਦਾਇ ਆਧਾਰਿਤ ਸ਼ਹਿਰੀ ਖੇਤੀ ਜਿਹੇ ਉੱਦਮ ਜ਼ਮੀਨ, ਕਿਸਾਨਾਂ ਅਤੇ ਪਰਿਸਥਿਤੀ ਤੰਤਰ ਪ੍ਰਤਿ ਸੰਵੇਦਨਸ਼ੀਲਤਾ ਜਾਗ੍ਰਿਤੀ ਅਤੇ ਸੰਬੰਧ ਸਥਾਪਤ ਕਰਨ ਵਿਚ ਮਹਤਵਪੂਰਨ ਭੂਮਿਕਾ ਨਿਭਾ ਰਹੇ ਹਨ।

ਸੰਸਾਰ ਦੀ ਅੱਧੇ ਤੋਂ ਜ਼ਿਆਦਾ ਆਬਾਦੀ ਸ਼ਹਿਰਾਂ ਵਿਚ ਰਹਿੰਦੀ ਹੈ। ਪਿਛਲੀ ਸਦੀ ਵਿਚ ਤੇਜ਼ੀ ਵਧਕੇ ਸ਼ਹਿਰੀਕਰਨ ਕਰਕੇ ਵਾਤਾਵਰਣ ਉੱਪਰ ਕਾਫ਼ੀ ਬੁਰਾ ਪ੍ਰਭਾਵ ਪਿਆ ਹੈ। ਸ਼ਹਿਰੀਕਰਨ ਦੇ ਵਿਸਥਾਰ ਦੇ ਨਾਲ ਹੋਰ ਸਮੱਸਿਆਵਾਂ ਦੇ ਨਾਲ ਨਾਲ ਖਾਧ ਸੁਰੱਖਿਆ, ਗਲੋਬਲ ਵਾਰਮਿੰਗ, ਜਲਵਾਯੂ ਪਰਿਵਰਤਨ, ਹਵਾ ਪ੍ਰਦੂਸ਼ਣ, ਪਾਣੀ ਦੇ ਸ੍ਰੋਤਾਂ ਦੀ ਲੋੜੋਂ ਵੱਧ ਸ਼ੋਸ਼ਣ, ਘਟਦਾ ਵਣ ਖੇਤਰ ਆਦਿ ਵੀ ਖੜੀਆਂ ਹੋ ਗਈਆਂ ਹਨ। ਫਿਰ ਵੀ, ਮੌਜੂਦਾ ਸ਼ਹਿਰੀਕਰਨ ਦੇ ਦੌਰ ਵਿੱਚ ਇਹ ਬਿਲਕੁਲ ਸਪਸ਼ੱਟ ਹੈ ਕਿ ਸ਼ਹਿਰਾਂ ਦਾ ਡਿਜੀਟਲ ਅਤੇ ਲੋਕ ਉਸ ਸ਼ਹਿਰ ਵਿੱਚ ਕਿਵੇਂ ਰਹਿੰਦੇ ਹਨ। ਕਿਸ ਤਰ੍ਹਾਂ ਦਾ ਜੀਵਨ ਜਿਉਂਦੇ ਹਨ, ਟਿਕਾਊਪਨ ਦੇ ਰਾਹ ਵਿੱਚ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ।

ਸ਼ਹਿਰੀ ਖੇਤੀ – ਇੱਕ ਸਮੂਹਿਕ ਪਹਿਲ

ਖਾਸ ਸੁਰੱਖਿਆ ਅਤੇ ਉਤਪਾਦਨ ਸ਼ਹਿਰੀਕਰਨ ਅਤੇ ਸੰਬੰਧਿਤ ਵਾਤਾਵਰਨੀ ਮੁੱਦਿਆਂ ਨਾਲ ਨੇੜਿਉ ਜੁੜੇ ਹੋਏ ਹਨ ਪਰ ਇਹ ਸੰਬੰਧ ਸਾਹਮਣੇ ਤੋਂ ਦਿਖਾਈ ਨਹੀਂ ਦਿੰਦਾ। ਸ਼ਹਿਰੀ ਸਾਧਨ ਆਮ ਤੌਰ ਤੇ ਖੇਤੀ ਤੋਂ ਦੂਰ ਹੁੰਦੇ ਹਨ। ਭੋਜਨ ਹਜ਼ਾਰਾਂ ਕਿਲੋਮੀਟਰ ਦਾ ਫਾਸਲਾ ਤੈਅ ਕਰਕੇ ਸ਼ਹਿਰਾਂ ਤੱਕ ਪਹੁੰਚਦਾ ਹੈ। ਜਿਸਦੇ ਵਿਚ ਨਾ ਸਿਰਫ ਲਾਗਤ ਵਿਚ ਵਾਧਾ ਹੁੰਦਾ ਹੈ ਬਲਕਿ ਵਾਤਾਵਰਣ ਉੱਪਰ ਵੀ ਇਹ ਪ੍ਰਕ੍ਰਿਆ ਆਪਣਾ ਪ੍ਰਭਾਵ ਛੱਡਦੀ ਹੈ। ਇਹ ਪ੍ਰਕ੍ਰਿਆ ਕਿਸਾਨਾਂ ਦੇ ਲਈ ਵੀ ਸ਼ੋਸ਼ਣਕਾਰੀ ਹੀ ਸਿੱਧ ਹੁੰਦੀ ਹੈ।

ਪਿਛਲੇ ਕੁੱਝ ਸਾਲਾਂ ਵਿੱਚ, ਇਕ ਨਵਾਂ ਰਝਾਨ ਦੇਖਣ ਨੂੰ ਮਿਲ ਰਿਹਾ ਹੈ। ਭਾਰਤ ਵਿੱਚ ਥੋੜੇ ਪ੍ਰੰਤੂ ਨੋਟ ਕੀਤੇ ਜਾ ਸਕਣ ਵਾਲੇ ਨੰਬਰਾਂ ਵਿਚ ਲੋਕ ਆਪਣੀ ਕਾਰਪੋਰੇਟ ਦੀ ਨੌਕਰੀ ਛੱਡ ਕੇ ਖੇਤੀ ਕਰਨ ਨੂੰ ਪ੍ਰਾਥਮਿਕਤਾ ਦੇ ਰਹੇ ਹਨ। ਹੋਰ ਬੜੇ ਸਾਰੇ ਕਾਰਨਾਂ ਦੇ ਵਿੱਚੋਂ ਭੋਜਨ ਸੁਰੱਖਿਆ ਅਤੇ ਵਾਤਾਵਰਣ ਇਕਸਾਰਤਾ ਰੁਝਾਨ ਦੇ ਮੁੱਖ ਕਾਰਨ ਹਨ। ਇਹ ਇਕ ਕੋਸ਼ਿਸ਼ ਹੈ, ਇਕ ਤਲਾਸ਼ ਹੈ ਉਹਨਾਂ ਤਰੀਕਿਆਂ ਤਕਨੀਕਾਂ ਨੂੰ ਲੱਭਣ ਦੀ ਜੋ ਵਾਤਾਵਰਣ ਨਾਲ ਇਕਮਿਕਤਾ ਦਿਖਾਉਂਦੇ ਹੋਣ, ਉਸਨੂੰ ਸੰਭਾਲ ਕੇ ਰੱਖਦੇ ਹੋਣ ਅਤੇ ਇਹ ਸਭ ਪ੍ਰੰਪਰਿਕ ਤਰੀਕਿਆਂ ਵਿਚ ਹੀ ਮਿਲਦਾ ਹੈ। ਇਹ ਲੇਖ ਇਕ ਅਜਿਹੇ ਹੀ ਸ਼ਹਿਰੀ ਖੇਤੀ ਉਪਰਾਲੇ ਦੇ ਬਾਰੇ ਵਿੱਚ ਹੈ।

ਡ੍ਰੀਮ ਗ੍ਰੋਵ (ਡੀ.ਜੀ.) – ਸਮੁਦਾਇ ਦੁਆਰਾ ਸੰਚਾਲਿਤ ਇੱਕ ਸ਼ਹਿਰੀ ਖੇਤ :

ਡ੍ਰੀਮ ਗ੍ਰੋਵ ਮੁੰਬਈ ਦੇ 800 ਵਰਗ ਫੁੱਟ ਖੇਤਰ ਵਿੱਚ ਫਲੇ ਪਾਰਕ ਵਿੱਚ ਸ਼ੁਰੂ ਕੀਤਾ ਗਿਆ। ਇਕ ਸ਼ਹਿਰੀ ਸਮੁਦਾਇ ਖੇਤੀ ਉਪਰਾਲਾ ਹੈ। ਪਾਰਕ ਦੀ ਨਜ਼ਰਅੰਦਾਜ਼ੀ ਨੂੰ ਇਕ ਸਥਾਨਕ ਵਸਨੀਕ ਮੋਰੀ ਪਾਲ ਨੂੰ 2018 ਵਿੱਚ ਇਸ ਪਾਰਕ ਨੂੰ ਬੱਚਿਆਂ ਅਤੇ ਬਜ਼ੁਰਗਾਂ ਲਈ ਆਕਰਸ਼ਕ ਬਣਾਉਣ
ਲਈ ਪ੍ਰੇਰਿਤ ਕੀਤਾ। ਉਸਨੇ ਸਥਾਨਕ ਵਲੰਟੀਅਰਾਂ ਦਾ ਇੱਕ ਗਰੁੱਪ ਤਿਆਰ ਕੀਤਾ ਜੋ ਉਸ ਪਾਰਕ ਪ੍ਰਬੰਧਨ ਵਿਚ ਮੱਦਦ ਕਰੇ। ਗਰੁੱਪ ਦੇ ਦੋ ਮੈਂਬਰਾਂ ਪ੍ਰੇਮਿਲਾ ਕਾਰਟਿਸ ਅਤੇ ਦੀਪਤੀ ਝੰਗਿਆਨੀ ਕੋਲ ਅਰਬਨ ਲੀਵਸ ਸੰਸਥਾ ਨਾਲ ਕੰਮ ਕਰਨ ਕਰਕੇ ਸਬਜ਼ੀਆਂ ਉਗਾਉਣ ਦਾ ਤਜ਼ਰਬਾ ਸੀ।

ਮਾਰਟਿਸ ਨੇ ਗਰੁੱਪ ਮੈਂਬਰਾਂ ਨੂੰ ਪਾਰਕ ਵਿਚਲੇ ਪੱਤਿਆਂ, ਰਸੋਈ ਦਾ ਗਿੱਲਾ ਕੂੜਾ, ਨਾਰੀਅਲ ਦੇ ਫੂਸ ਨੂੰ ਇੱਕਠਾ ਕਰਨ ਦਾ ਕੰਮ ਦਿਤਾ ਹੈ। ਫਿਰ ਪਾਰਕ ਵਿਚ ਸਭ ਇੱਕ ਜਗ੍ਹਾ ਇੱਕਠ ਕਰਕੇ ਗੋਬਰ ਅਤੇ ਗੋ-ਮੂਤਰ ਦੀ ਮੱਦਦ ਪੋਸ਼ਕ ਤੱਤਾਂ ਦੇ ਨਾਲ ਭਰਪੂਰ ਅੰਮ੍ਰਿਤ ਮਿੱਟੀ ਤਿਆਰ ਕੀਤੀ। ਫਿਰ ਇਸ ਉਗਾਉਣ ਲਈ ਕੀਤਾ ਗਿਆ। ਸ਼ੁਰੂਆਤ ਵਿੱਚ ਮੁੰਬਈ ਨਗਰ ਨਿਗਮ ਨੇ ਸਹਿਯੋਗ ਨਹੀਂ ਦਿੱਤਾ ਪਰ ਸਥਾਨਕ ਲੋਕਾਂ ਨੇ ਇਸ ਪਾਰਕ ਦੇ ਪ੍ਰਬੰਧਨ ਲਈ ਉਤਸ਼ਾਹ ਨੂੰ ਦੇਖਦੇ ਹੋਏ ਉਹ ਪੂਰਾ ਸਹਿਯੋਗ ਦੇਣ ਲਈ ਤਿਆਰ ਹੋ ਗਏ। ਉਹ ਵੀ ਇਸ ਤਰ੍ਹਾਂ ਦੇ ਖਾਧ ਪਾਰਕਾਂ ਦੇ ਉਪਰਾਲੇ ਉੱਪਰ ਕੰਮ ਕਰ ਰਹੇ ਹਨ।

ਝੰਗਿਆਨੀ ਦੇ ਅਨੁਸਾਰ ਪਿਛਲੇ 2 ਸਾਲਾਂ ਵਿੱਚ ਉਹ 50 ਤੋਂ ਵੱਧ ਕਿਸਮਾਂ ਦੇ ਫਲ, ਸਬਜ਼ੀਆਂ ਅਤੇ ਜੜ੍ਹੀ ਬੂਟੀਆਂ ਦੇ ਪੌਦੇ



ਦੀਪਤੀ ਆਪਣੇ ਘਰ ਦੇ ਬਗੀਚੇ ਤੋਂ ਮਿਲਣ ਵਾਲੀਆਂ ਸਬਜ਼ੀਆਂ ਨਾਲ

ਉੱਗੇ ਹੋਏ ਹਨ। ਮੌਸਮੀ ਫਲਾਂ, ਸਬਜ਼ੀਆਂ ਵਿਚ ਅਨਾਨਾਸ, ਕੇਲੇ, ਜਿਮੀਕੰਦ, ਮੂਲੀ, ਟਮਾਟਰ, ਕਰੇਲਾ, ਹਰੀ ਮਿਰਚ ਤੇ ਭਿੰਡੀ ਆਦਿ ਹਨ। ਇਸ ਤੋਂ ਵੀ ਮਹੱਤਵਪੂਰਨ ਮਾਰਟਿਸ ਦਾ ਕਹਿਣਾ ਹੈ ਕਿ, ਲੋਕਾਂ ਦੀ ਕੰਮ ਕਰਨ ਵਿਚ ਸਿੱਧੀ ਭਾਗੀਦਾਰੀ ਨੇ ਜਿਵੇਂ ਕੰਪੋਸਟ ਤਿਆਰ ਕਰਨਾ, ਗੁਡਾਈ, ਬਿਜਾਈ, ਪੌਦਿਆਂ ਦੀ ਦੇਖਭਾਲ ਨੇ ਉਹਨਾਂ ਨੂੰ ਭੋਜਣ ਉਗਾਉਣ ਦੀ ਪ੍ਰਕ੍ਰਿਆ ਦੇ ਨਾਲ ਜੋੜਿਆ ਹੈ। ਹੁਣ ਉਹ ਇਸ ਨਾਲ ਜ਼ਿਆਦਾ ਜੁੜਾਅ ਮਹਿਸੂਸ ਕਰਦੇ ਹਨ। 7 ਤੋਂ 80 ਸਾਲ ਦੀ ਉਮਰ ਦੇ ਲੋਕਾਂ ਦੀ ਭਾਗੀਦਾਰੀ ਨਾਲ ਵਿਭਿੰਨ ਪੀੜ੍ਹੀਆਂ ਵਿਚ ਤਾਲਮੇਲ ਅਤੇ ਸੰਵਾਦ ਸਥਾਪਿਤ ਹੋਇਆ ਹੈ। ਹਫਤੇ ਦੇ ਆਖਿਰ ਵਿਚ 20 ਡੀ.ਜੀ. ਵਲੰਟੀਅਰ ਬਿਜਾਈ, ਪੌਦੇ ਲਗਾਉਣਾ, ਕਟਾਈ ਅਤੇ ਪਾਣੀ ਆਦਿ ਦੇਣ ਦੇ ਕੰਮਾਂ ਵਿਚ ਹਿੱਸਾ ਲੈਣ ਲਈ ਪਾਰਕ ਵਿਚ ਆਉਂਦੇ ਹਨ। "ਉਸਦਾ ਕਹਿਣਾ ਹੈ ਕਿ ਜਦ ਤੁਸੀਂ ਵਿਅਕਤੀਗਤ ਤੌਰ ਤੇ ਖੁਦ ਕਿਸੇ ਕੰਮ ਵਿਚ ਸ਼ਾਮਲ ਹੁੰਦੇ ਹੋ ਤਾਂ ਉਸ ਕੰਮ ਦਾ ਮਹੱਤਵ ਤੁਹਾਨੂੰ ਸਮਝ ਵਿਚ ਆਉਂਦਾ ਹੈ। ਅਸੀਂ ਨਾ ਸਿਰਫ ਪੌਦੇ ਉਗਾ ਰਹੇ ਹਾਂ, ਬਲਕਿ ਖੁਦ ਵੀ ਇੱਕ ਇਨਸਾਨ ਦੇ ਤੌਰ ਤੇ ਵਿਕਸਿਤ ਹੋ ਰਹੇ ਹਾਂ।"

ਬਾਕਸ 1: ਵਲੰਟੀਅਰ ਪ੍ਰੋਫਾਇਲ

ਪਰੇਮਿਲਾ ਮਾਰਟਿਸਾ, ਜਿਸਨੇ ਵਿੱਤ ਪ੍ਰਬੰਧਨ ਦੀ ਪੜਾਈ ਕੀਤੀ ਹੈ ਅਤੇ ਉਸਨੇ ਆਪਣੀ ਨੌਕਰੀ ਤੋਂ ਸਵੈ – ਇੱਛਕ ਰਿਟਾਇਰਮੈਂਟ ਲੈ ਲਈ ਅਤੇ 2013 ਵਿੱਚ ਸਮੁਦਾਇ ਸ਼ਹਿਰੀ ਖੇਤੀ ਗਰੁੱਪ ਅਰਬਨ ਲੀਵਸ ਨਾਲ ਜੁੜ ਗਈ। ਉਸਨੇ ਅਰਬਨ ਲੀਵਸ ਵੱਲੋਂ ਘਰੇਲੂ ਬਗੀਚੀ ਦੀਆਂ ਵਰਕਸ਼ਾਪਾਂ ਵਿੱਚ ਭਾਗੀਦਾਰੀ ਕੀਤੀ।

ਦੀਪਤੀ ਝੰਗਿਆਨੀ ਜੋ ਕਿ ਇੱਕ ਪੱਤਰਕਾਰ ਰਹੀ ਹੈ, ਦੀ ਦਿਲਚਸਪੀ ਕੂੜੇ ਕਰਕਟ ਨੂੰ ਦੁਬਾਰਾ ਇਸਤੇਮਾਲ ਕਰਨ ਵਿਚ ਹੈ। ਉਸਨੇ ਆਪਣੇ ਘਰ ਵਿਚ ਖਾਦ ਬਣਾਉਣੀ ਸ਼ੁਰੂ ਕੀਤੀ ਅਤੇ ਬਾਅਦ ਵਿਚ ਅਰਬਨ ਲੀਵਸ ਲਾਲ ਜੁੜੀ।

ਆਪਣੀਆਂ ਗਤੀਵਿਧੀਆਂ ਨੂੰ ਹੋਰ ਵਿਸਤਾਰ ਦਿੰਦੇ ਹੋਏ ਇਹ ਗਰੁੱਪ ਹਫਤਾਵਾਰੀ ਲੱਗਣ ਵਾਲੀ ਜੈਵਿਕ ਕਿਸਾਨਾਂ ਦੇ ਬਾਜ਼ਾਰ ਵਿੱਚੋਂ ਦੇਸੀ ਬੀਜ ਖਰੀਦ ਕੇ ਲਿਆਉਂਦਾ ਹੈ ਅਤੇ ਨਾਲ ਹੀ ਬਾਜ਼ਾਰ ਬੰਦ ਹੋਣ ਬਾਅਦ ਬਚੀ ਹੋਈ ਰਹਿੰਦ-ਖੂੰਹਦ ਜਾਂ ਖਰਾਬ ਹੋ ਚੁੱਕੀਆਂ ਸਬਜ਼ੀਆਂ ਉਨ੍ਹਾਂ ਦੇ ਪੱਤੇ ਕੰਪੋਸਟ ਬਣਾਉਣ ਲਈ ਲੈ ਆਉਂਦੇ ਹਨ। ਗਰੁੱਪ ਦੀ ਵਧਦੀ ਦਿਲਚਸਪੀ ਅਤੇ ਵਿਵਸਥਾ ਦੀਆਂ ਪਰਿਸਥਿਤੀਆਂ ਪ੍ਰਤਿ ਚਿੰਤਾਂ ਨੇ ਪਰੇਮਿਲਾ ਨੂੰ ਬਾਂਦਰਾ ਹੋਮਸ ਦੇ ਉਤਪਾਦਕ ਗਰੁੱਪ ਬਣਾਉਣ ਦੇ ਲਈ ਪ੍ਰੇਰਿਤ ਕੀਤਾ ਜਿਸ ਵਿਚ ਉਹ ਕਿਸਾਨਾਂ ਜਾਂ ਕਿਸਾਨਾਂ ਦੇ ਸਮੂਹ ਤੋਂ ਸਿੱਧੇ ਤੌਰ ਤੇ ਉਹਨਾਂ ਦੇ ਉਤਪਾਦ ਖਰੀਦਦੇ ਹਨ। ਇਹ ਗਰੁੱਪ ਲਾਕਡਾਊਨ ਦੌਰਾਨ ਸ਼ੁਰੂ ਕੀਤਾ ਗਿਆ। ਹੌਲੀ-ਹੌਲੀ ਇਸ ਗਰੁੱਪ ਦਾ ਵਿਸਤਾਰ ਹੋ ਰਿਹਾ ਹੈ ਜਿਵੇਂ ਜਿਵੇਂ ਗਰੁੱਪ ਦੇ ਬਾਕੀ ਮੈਂਬਰ ਵੀ ਹੋਰ ਕਿਸਾਨਾਂ ਨੂੰ ਆਪਣੇ ਦੋਸਤਾਂ ਅਤੇ ਪਰਿਵਾਰਿਕ ਮੈਂਬਰਾਂ ਦੀ ਸਹਾਇਤਾ ਨਾਲ ਜੁੜ ਰਹੇ ਹਨ।

ਲਾਕਡਾਊਨ ਦੌਰਾਨ ਵਿਸ਼ਵਾਸ ਦਾ ਇੱਕ ਨੈਟਵਰਕ ਤਿਆਰ ਕਰਨਾ: – ਪਰੇਮਿਲਾ ਮਾਰਟਿਸ ਪਿਛਲੇ ਕੁੱਝ ਸਾਲਾਂ ਤੋਂ ਕੁੱਝ ਜੈਵਿਕ ਕਿਸਾਨਾਂ ਤੋਂ ਪਹਿਲਾਂ ਚਾਵਲ ਅਤੇ ਹੋਰ ਉਤਪਾਦ ਖਰੀਦ ਰਹੀ ਸੀ। ਉਸਨੇ ਇਕ ਵਟਸਐਪ ਗਰੁੱਪ ਲਾਕਡਾਊਨ ਦੌਰਾਨ ਬਣਾਇਆ। ਜਿਸ ਵਿਚ ਕਿਸਾਨ ਆਪਣੇ ਉਤਪਾਦਾਂ ਬਾਰੇ ਜਾਣਕਾਰੀ ਸਾਂਠਾ ਕਰਦੇ ਹਨ। ਉਸਦੇ ਅਨੁਸਾਰ ਕਿਸਾਨਾਂ ਦੁਆਰਾ ਸਾਂਝੀ ਕੀਤੀ ਜਾਣਕਾਰੀ ਨੇ ਇੱਕ ਵਿਸ਼ਵਾਸ ਅਤੇ ਸੁਝਾਵ ਦੀ ਭਾਵਨਾ ਵਿਕਸਿਤ ਕਰਨ ਵਿਚ ਮੱਦਦ ਕੀਤੀ। ਉਦਾਹਰਣ ਲਈ ਗਰੁੱਪ ਵਿਚ ਆਪਣੇ ਉਤਪਾਦ ਵੇਚਣ ਵਾਲੇ ਕਿਸਾਨਾਂ ਵਿੱਚੋਂ ਇਕ ਕਿਸਾਨ ਸੁਸ਼ੀਲ ਬਰੋਕਾਰ ਹੈ। ਹਾਲਾਂਕਿ ਉਹ ਪੇਸ਼ੇ ਤੋਂ ਇੱਕ ਬਿਜਨੈਸਮੈਨ ਹੈ ਪਰ ਉਸਦਾ ਦਿਲ ਮਿੱਟੀ ਲਈ ਧੜਕਦਾ ਹੈ ਅਤੇ ਪਿਛਲੇ 30 ਸਾਲਾਂ ਤੋਂ ਹਫਤੇ ਦੇ ਆਖੀਰ ਵਿਚ ਆਪਣੇ ਖੇਤਾਂ ਵਿਚ ਕੰਮ ਕਰਦਾ ਹੈ। ਉਹ ਭਾਰਤੀ ਤਕਨੀਕੀ ਸੰਸਥਾਨ ਵਿਚ ਵਿਦਿਆਰਥੀ ਜੀਵਨ ਕਾਲ ਤੋਂ ਹੀ ਵਾਈਲਡ ਲਾਈਫ ਕੱਲਬ ਦਾ ਮੈਂਬਰ ਹੈ। ਉਹ ਆਪਣੇ ਖੇਤਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਰਸਾਇਣਿਕ ਖਾਦ ਅਤੇ ਕੀਟਨਾਸ਼ਕ ਦਾ ਇਸਤੇਮਾਲ ਨਹੀਂ ਕਰਦਾ ਅਤੇ ਆਪਣੇ ਖੇਤ ਵਿਚ ਉਸਨੇ ਕੁਦਰਤੀ ਖਾਧ, ਵਾਤਾਵਰਨ ਵਿਕਸਿਤ ਕੀਤਾ ਹੋਇਆ ਹੈ। ਉਸਨੇ ਆਪਣੇ ਉਤਪਾਦਾਂ ਬਾਰੇ ਗਰੁੱਪ ਵਿਚ ਇਸ ਤਰ੍ਹਾਂ ਪੋਸ਼ਣ ਕੀਤਾ ਹੈ।

ਅੰਮ੍ਰਿਤ ਮਿੱਟੀ ਬਾਇਓਮਾਸ ਜਿਸ ਵਿੱਚ ਸੁੱਕੇ ਪੱਤੇ ਸ਼ਾਮਿਲ ਹੁੰਦੇ ਹਨ ਨੂੰ ਸੜਾ ਕੇ ਬਣਾਈ ਜਾਂਦੀ ਹੈ। ਇਸ ਵਿਚ ਅੰਮ੍ਰਿਤ ਜਲ ਜੋ ਕਿ ਪਸ਼ੂਆਂ ਦੇ ਪੇਸ਼ਾਬ, ਪਾਣੀ, ਗੋਬਰ ਅਤੇ ਗੁੜ ਤੋਂ ਮਿਲਾ ਕੇ ਬਣਾਇਆ ਜਾਂਦਾ ਹੈ। ਸਮੇਂ – ਸਮੇਂ ਤੇ ਪਾਇਆ ਜਾਂਦਾ ਹੈ, ਜਿਸ ਨਾਲ ਅੰਮ੍ਰਿਤ ਮਿੱਟੀ ਵਧੀਆ ਤਿਆਰ ਹੋ ਸਕੇ।

ਸਾਨੂੰ ਤੁਹਾਡੇ ਨਾਲ ਇਹ ਸਾਂਝਾ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਇਸ ਹਫ਼ਤੇ ਤੋਂ ਅਸੀਂ ਆਪਣੇ ਖੇਤ ਦੇ ਉਤਪਾਦਾਂ ਦੀ ਡਿਲੀਵਰੀ ਸ਼ੁਰੂ ਕਰਨ ਜਾ ਰਹੇ ਹਾਂ। ਅਸੀਂ ਪਦਮ ਸ਼੍ਰੀ ਸੁਭਾਸ਼ ਪਾਲੇਕਰ ਦੇ ਕੁਦਰਤੀ ਖੇਤੀ ਤਰੀਕੇ ਦਾ ਪਾਲਣ ਕਰਦੇ ਹਾਂ ਜੋ ਕਿ ਗੋਬਰ, ਆਧਾਰਿਤ ਘਣ ਜੀਵ ਅੰਮ੍ਰਿਤ ਅਤੇ ਜੀਵ ਅੰਮ੍ਰਿਤ ਦੇ ਇਸਤੇਮਾਲ ਨੂੰ ਪ੍ਰੋਤਸ਼ਾਹਿਤ ਕਰਦਾ ਹੈ। ਇਸ ਨੂੰ ਤਿਆਰ ਕਰਨ ਲਈ ਸਾਡੇ ਕੋਲ ਕੁੱਝ 18 ਦੇਸੀ ਪਸ਼ੂ (ਗਾਂ, ਬੈਲ ਅਤੇ ਬਛੜੇ) ਹਨ ਅਤੇ ਅਸੀਂ ਗਊਆਂ ਦਾ ਦੁੱਧ ਨਹੀਂ ਕੱਢਦੇ। ਸਾਡੇ ਉਤਪਾਦ 100% ਕੁਦਰਤੀ ਹਨ।

ਟਿਕਾਊ ਖੇਤੀ ਲਈ ਸ਼ਹਿਰੀ ਉਪਭੋਗਤਾਵਾਂ ਦੀ ਮੰਗ ਅਤੇ ਸਹਾਇਤਾ ਲਈ ਸੰਵੇਦਨਸ਼ੀਲਤਾ ਦੇ ਆਧਾਰ ਤੇ ਸਮੂਹ ਆਧਾਰਿਤ ਤਜ਼ਰਬੇ ਅਨੁਸਾਰ ਮੱਦਦ ਕਰ ਸਕਦੇ ਹਨ।

ਸਾਡੇ ਕੋਲ ਅੰਬਾਂ ਦੀਆਂ ਤਿੰਨ ਕਿਸਮਾਂ ਹਨ। ਹਾਮੁਸ (80%), ਰਤਨਾ (10%), ਕੇਸਰ (10%) ਅੰਬਾਂ ਨੂੰ ਆਖਰੀ ਸਮੇਂ ਤੇ ਤੋੜਿਆ ਜਾਂਦਾ ਹੈ ਤਾਂ ਕਿ ਉਹ ਦਰੱਖਤ ਉੱਪਰ ਹੀ ਪਕਣ ਦੀ ਅਵਸਥਾ ਵਿਚ ਆ ਜਾਣ ਅਤੇ ਬਾਅਦ ਵਿਚ ਉਹਨਾਂ ਨੂੰ ਝੋਨੇ ਦੀ ਪਰਾਲੀ ਵਿਚ ਪਕਾਇਆ ਜਾਂਦਾ ਹੈ। ਜੋ ਅੰਬ ਤੁਹਾਡੇ ਤੱਕ ਪਹੁੰਚਾਏ ਜਾਣਗੇ, ਉਹ ਪੱਕੇ, ਅੱਧ ਪੱਕੇ ਹੋਣਗੇ। ਆਰਡਰ ਦੀ ਘੱਟ ਤੋਂ ਘੱਟ ਮਾਤਰਾ 8 ਦਰਜ਼ਨ ਹੈ। ਅੰਬ ਦੇ ਫਲ ਦੇ ਆਕਾਰ ਵਿੱਚ 19–21 ਹੋ ਸਕਦਾ ਹੈ।

ਗ੍ਰਾਹਕ ਵੀ ਕਿਸਾਨਾਂ ਤੋਂ ਸਿੱਧੇ ਉਤਪਾਦ ਖਰੀਦਣ ਦੇ ਅਤੇ ਉਤਪਾਦਾਂ ਬਾਰੇ ਆਪਣੇ ਵਿਹਾਰ ਗਰੁੱਪ ਵਿਚ ਸਾਂਝਾ ਕਰਦੇ ਹਨ ਅਤੇ ਇਹਨਾਂ ਬਾਰੇ ਜਾਗ੍ਰਿਤੀ ਲਿਆਉਣ ਅਤੇ ਇਹਨਾਂ ਦੇ ਇਸਤੇਮਾਲ ਬਾਰੇ ਪ੍ਰਚਾਰ ਕਰਨ ਵਿਚ ਕਿਸਾਨਾਂ ਦੀ ਮੱਦਦ ਕਰਦੇ ਹਨ। ਦੀਪਤੀ ਦੇ ਅਨੁਸਾਰ ਕਿ ਉਹਨਾਂ ਦੀ ਖਾਧ ਪਦਾਰਥਾਂ ਦੀ ਮੌਸਮ ਅਨੁਸਾਰ ਉਪਲਬਧਤਾ ਦੀ ਜਾਣਕਾਰੀ ਉਹਨਾਂ ਦੀ ਸਮਝਣ ਅਤੇ ਹੌਂਸਲਾ ਅਫਜਾਈ ਵਿੱਚ ਜੋ ਵੀ ਕਿਸੇ ਖਾਸ ਮਹੀਨੇ ਵਿਚ ਉਪਲਬਧ ਹੈ, ਉਸਨੂੰ ਸਮਝਣ ਅਤੇ ਉਸਦੀ ਕਦਰ ਕਰਨ ਵਿਚ ਮੱਦਦ ਕੀਤੀ।

ਸਥਾਪਕ ਉਤਪਾਦਾਂ ਦੀ ਸਪਲਾਈ ਲਈ ਸਹਿਯੋਗ ਲਈ ਤੰਤਰ ਬਣਾਉਣ ਵਿਚ ਸਰਗਰਮ ਭਾਗੀਦਾਰੀ :

ਗਰੁੱਪ ਦੇ ਮੈਂਬਰਾਂ ਨੇ ਇਹ ਜਿੰਮੇਦਾਰੀ ਵੀ ਆਪਣੇ ਉੱਪਰ ਲੈ ਲਈ ਕਿ ਉਹ ਕਿਸਾਨਾਂ ਤੋਂ ਥੋਕ ਮਾਤਰਾ ਵਿਚ ਉਤਪਾਦ ਮੰਗਵਾਉਣਗੇ ਅਤੇ ਸ਼ਹਿਰ ਪਹੁੰਚਾਣ ਤੇ ਖੁਦ ਹੀ ਆਪਸ ਵਿਚ ਆਪਣੇ ਆਰਡਰ ਅਨੁਸਾਰ ਵੰਡ ਲੈਣਗੇ। ਇਸ ਤਰ੍ਹਾਂ ਕਰਨ ਨਾਲ ਖੇਤ ਤੋਂ ਸ਼ਹਿਰ ਤੱਕ ਇਹਨਾਂ ਉਤਪਾਦਾਂ ਨੂੰ ਪਹੁੰਚਾਉਣ ਦੀ ਲਾਗਤ ਘੱਟ ਕੀਤੀ ਜਾ ਸਕੇਗੀ। ਇਸ ਨਾਲ ਸਿਰਫ ਇਕ ਖਰੀਦਦਾਰ ਤੋਂ ਵੱਧ ਕੇ ਉਹ ਉਤਪਾਦ ਲਈ ਇੱਕ ਮਾਲਕਾਨਾ ਹੱਕ ਵੀ ਮਹਿਸੂਸ ਕਰਨਗੇ ਅਤੇ ਕਿਸਾਨਾਂ ਦੀ ਹਾਲਤ ਨੂੰ ਹੋਰ ਬਿਹਤਰ ਸਮਝ ਸਕਣਗੇ। ਉਦਾਹਰਣ ਲਈ ਗਰੁੱਪ ਨੇ ਅਲੱਗ–ਅਲੱਗ ਕਿਸਾਨਾਂ ਤੋਂ ਪਿਆਜ ਅਤੇ ਫਲ ਖਰੀਦੇ ਅਤੇ ਬਾਅਦ ਵਿਚ ਉਹਨਾਂ ਨੂੰ ਆਪਸ ਵਿਚ ਵੰਡ ਲਿਆ।

ਇਹ ਵੀ ਸਹੀ ਕਿਹਾ ਜਾ ਸਕਦਾ ਕਿ ਹਰ ਵਾਰੀ ਸਭ ਕੁੱਝ ਯੋਜਨਾ ਮੁਤਾਬਕ ਹੀ ਹੋਇਆ ਹੋਵੇ, ਕਈ ਵਾਰ ਕੁੱਝ ਪ੍ਰੇਸ਼ਾਨੀਆਂ ਵੀ ਆਈਆਂ ਜਿਵੇਂ ਉਤਪਾਦਾਂ ਨੂੰ ਮੰਗਵਾਉਣ ਪਹੁੰਚਾਉਣ ਵਿਚ ਜਾਂ ਉਤਪਾਦਾਂ ਦੀ ਗੁੱਣਵਤਾ ਨੂੰ ਲੈ ਕੇ ਫਿਰ ਵੀ ਪਰੇਮਿਲਾ ਨੇ ਗ੍ਰਾਹਕਾਂ ਨੂੰ ਕਿਸਾਨਾਂ ਅਤੇ ਕਿਸਾਨ ਸਮੂਹਾਂ ਨਾਲ ਜੋੜਨ ਦਾ ਕੰਮ ਜਾਰੀ ਰੱਖਿਆ ਕਿਉਂਕਿ ਉਸਨੇ ਮਹਿਸੂਸ ਕੀਤਾ ਕਿ ਇਸ ਤਰ੍ਹਾਂ ਉਹ ਖਾਧ ਵਿੰਭਿਨਤਾ ਬਾਰੇ ਜ਼ਿਆਦਾ ਵਿਸਤਾਰ

ਵਿੱਚ ਸਿੱਖ ਰਹੀ ਹੈ। ਉਸ ਦਾ ਕਹਿਣਾ ਹੈ ਕਿ ਗਰੁੱਪ ਵਿਚ ਇਸ ਤਰ੍ਹਾਂ ਦੀ ਜਾਣਕਾਰੀ ਸਾਂਝਾ ਕਰਨ ਨੇ ਖਾਧ ਸਮੱਗਰੀ ਦੀ ਉਪਲਬਧਤਾ ਦੇ ਸ੍ਰੋਤਾਂ ਦੀ ਜਾਣਕਾਰੀ ਜੁਟਾਉਣ ਵਿਚ ਸਰਗਰਮ ਦਿਲਚਸਪੀ ਜਗਾਉਣ ਵਿਚ ਮੱਦਦ ਕੀਤੀ।

ਫੀਡਬੈਕ ਅਤੇ ਸ਼ਸਕਤੀਕਰਨ ਦਾ ਚੱਕਰ :

ਕਿਸਾਨਾਂ ਵੱਲੋਂ ਲਗਾਤਾਰ ਵਾਰਤਾਲਾਪ ਅਤੇ ਫੀਡਬੈਕ ਨੇ ਆਪਦੀ ਚੋਣ ਕਰਨ ਦੀ ਸ਼ਕਤੀ ਅਤੇ ਸਮੂਹਿਕ ਕੋਸ਼ਿਸ਼ਾਂ ਦੁਆਰਾ ਉਹਨਾਂ ਨੂੰ ਸ਼ਸਕਤ ਮਹਿਸੂਸ ਕਰਵਾਇਆ।

"ਸਾਡੇ ਵਿੱਚੋਂ ਜਿਨ੍ਹਾਂ ਨੇ ਪਿਆਜ਼ ਖਰੀਦੇ ਉਹਨਾਂ ਵੱਲੋਂ ਡਿਲੀਵਰੀ ਅਤੇ ਸਭ ਵਿੱਚ ਵੰਡਣ ਲਈ ਅਮਿਤ ਦੇ ਧੰਨਵਾਦੀ ਹਾਂ, ਜਿਸਨੇ ਪਿਆਜ਼ ਵਾਲੇ ਕਿਸਾਨ ਅਵੀ ਨਾਲ ਮਿਲ ਕੇ ਸਭ ਕੁੱਝ ਦਾ ਪ੍ਰਬੰਧਨ ਕੀਤਾ। ਅਵੀ ਅਤੇ ਉਸਦੇ ਗੁਆਂਡੀ ਕਿਸਾਨਾਂ ਕੋਲ ਗਰਮੀਆਂ ਵਾਲੇ ਪਿਆਜ਼ ਦੀ 6 ਟਨ ਮਾਤਰਾ ਸੀ ਅਤੇ ਉਹਨਾਂ ਨੇ ਵਪਾਰੀਆਂ ਨੂੰ ਘੱਟ ਕੀਮਤ ਤੇ ਪਿਆਜ਼ ਨਾ ਦੇਣ ਦਾ ਫੈਸਲਾ ਕੀਤਾ ਅਤੇ ਖੁਦ ਮੁੰਬਈ ਵਿਚ ਗ੍ਰਾਹਕਾਂ ਨੂੰ ਵੇਚਣ ਦਾ ਫੈਸਲਾ ਕੀਤਾ। ਪਿਛਲੇ ਹਫਤੇ ਉਹਨਾਂ ਨੇ 1500 ਕਿਲੋ ਪਿਆਜ਼ ਵੇਚੇ। ਅਸੀਂ 100 ਕਿਲੋ ਖਰੀਦੇ। ਹਾਲਾਂਕਿ ਮਾਤਰਾ ਛੋਟੀ ਹੈ ਪਰ ਅਸੀਂ ਸਹਿਯੋਗ ਕਰ ਸਕੇ, ਇਹ ਸੋਚ ਕੇ ਚੰਗਾ ਲੱਗਦਾ ਹੈ।"

ਗਰੁੱਪ ਨੇ ਛੋਟੇ-ਛੋਟੇ ਉਤਪਾਦਾਂ ਜਿਵੇਂ ਆਚਾਰ, ਨਾਰੀਅਲ ਦੀ ਖਰੀਦ ਵਿਚ ਵੀ ਦਿਲਚਸਪੀ ਦਿਖਾਈ ਜਿਸ ਨਾਲ ਸਥਾਨਕ ਪੂਰਤੀ ਲੜੀ ਸ਼ੁਰੂ ਹੋਈ।

ਅੱਗੇ ਦੀ ਯੋਜਨਾ – ਸਥਾਨਕ ਉਪਰਾਲਿਆਂ ਰਾਹੀਂ ਕਿਸਾਨਾਂ ਦੀ ਮੱਦਦ ਕਰਨਾ :

ਇਹ ਸਭ ਬਿਰਤਾਂਤ ਅਤੇ ਉਦਾਹਰਣ ਦੱਸਦੇ ਹਨ ਕਿ ਸ਼ਹਿਰੀ ਖੇਤੀ ਉਪਰਾਲੇ ਵਿਚ ਗਰੁੱਪ ਦੀ ਲਗਾਤਾਰ ਭਾਗੀਦਾਰੀ ਨੇ ਉਹਨਾਂ ਨੂੰ ਕਿਸਾਨਾਂ ਦੁਆਰਾ ਕੀਤੀ ਜਾ ਰਹੀ ਮਿਹਨਤ ਦੀ ਸੁਧਾਰਨਾ ਕਰਨ ਅਤੇ ਕਿਸਾਨਾਂ ਦੀ ਸਥਿਤੀ ਸਮਝਣ ਵਿਚ ਮੱਦਦ ਕੀਤੀ। ਉਹ ਇਸ ਗੱਲ ਨੂੰ ਸਮਝ ਗਏ ਕਿ ਕਿਸ ਤਰ੍ਹਾਂ ਸਥਾਨਕ ਮੌਸਮ ਉਤਪਾਦਨ ਨੂੰ ਪ੍ਰਭਾਵਿਤ ਕਰ ਸਕਦਾ ਹੈ, ਇਸ ਲਈ ਉਹ ਉਤਪਾਦਨ ਦੀ ਮਾਤਰਾ, ਗੁੱਣਵਤਾ ਵਿਚ ਥੋੜੇ ਬਹੁਤ ਅੰਤਰ ਨੂੰ ਸਵੀਕਾਰ ਕਰਨ ਲਈ ਤਿਆਰ ਹਨ। ਲਗਾਤਾਰ ਗੱਲਬਾਤ ਵਿਚਾਰ – ਵਟਾਂਦਰੇ ਨੇ ਉਹਨਾਂ ਵਿਚ ਸਿਰਫ ਇੱਕ ਖਰੀਦਦਾਰ ਤੋਂ ਵੱਧ ਕੇ ਕਿਸਾਨਾਂ ਦੇ ਨਾਲ ਇੱਕ ਭਾਗੀਦਾਰ ਹੋਣ ਦੀ ਭਾਵਨਾ ਦਾ ਵਿਸਤਾਰ ਕੀਤਾ। ਇਸ ਤਰ੍ਹਾਂ ਇੱਕ ਦੂਜੇ ਪ੍ਰਤਿ ਵਿਸ਼ਵਾਸ ਨੇ ਕਿਸਾਨਾਂ ਅਤੇ ਗਰੁੱਪ ਮੈਂਬਰਾਂ ਨੂੰ ਇੱਕ ਦੂਜੇ ਦੀ ਸੰਤੁਸ਼ਟੀ ਲਈ (ਖਰੀਦਦਾਰਾਂ ਲਈ ਗੁਣਵੱਤਾ ਅਤੇ ਕਿਸਾਨਾਂ ਲਈ ਸਹੀ ਕੀਮਤ) ਹਰ ਸੰਭਵ ਯਤਨ ਕਰਨ ਲਈ ਪ੍ਰੇਰਿਤ ਕੀਤਾ।

ਸਮੁਦਾਇਕ ਤਜ਼ਰਬਿਆਂ ਨੂੰ ਆਧਾਰਿਤ ਸ਼ਹਿਰੀ ਖਪਤਕਾਰੀ ਦੀ ਸੰਵੇਦਨਸ਼ੀਲਤਾ ਟਿਕਾਊ ਖੇਤੀ ਉਪਰਾਲਿਆਂ ਲਈ ਲੋੜੀਂਦੇ ਸਹਿਯੋਗ ਅਤੇ ਮੰਗ ਵਧਾਉਣ ਵਿਚ ਮੱਦਦ ਕਰ ਸਕਦੀ ਹੈ। ਕਿਸਾਨਾਂ ਦੇ ਬਾਜ਼ਾਰ ਅਤੇ ਵਲੰਟੀਅਰ ਸੰਸਥਾਵਾਂ ਦਾ ਆਪਸੀ ਸਹਿਯੋਗ ਸਥਾਨਕ ਪੂਰਤੀ ਲਈ ਲਵਾਉਣ ਵਿਚ ਮੱਦਦ ਕਰ ਸਕਦਾ ਹੈ ਅਤੇ ਵਸਤੂ ਵਿਗਿਆਨਕ, ਸਵੈ-ਇੱਛਤਾ ਨਾਲ ਸਮਾਂ ਦੇਣਾ, ਸੰਸਥਾਵਾਂ ਆਦਿ ਰਾਹੀ ਆਰਥਿਕ ਲੈਣ ਦੇਣ ਦੇ ਵਿਕਲਪਿਕ ਬਦਲ ਹੋ ਸਕਦੇ ਹਨ। ਸ਼ਹਿਰਾਂ ਵਿਚ ਖੇਤੀ ਨੂੰ ਪ੍ਰੋਤਸ਼ਾਹਿਤ ਕਰਨ ਲਈ ਲੋਕਾਂ ਨੂੰ ਸਮੂਹਾਂ ਨੂੰ ਪਾਰਕ ਅਲਾਟ ਕੀਤੇ ਜਾਣੇ ਚਾਹੀਦੇ ਹਨ ਅਤੇ ਇਹ ਸ਼ਹਿਰੀ ਯੋਜਨਾ ਲਈ ਨੀਤੀ ਨਿਰਮਾਣ ਦਾ ਹਿੱਸਾ ਹੋਣਾ ਚਾਹੀਦਾ ਹੈ। ਸ਼ਹਿਰਾਂ ਵਿਚ ਖਾਧ-ਪਾਰਕ ਜਾਗ੍ਰਿਤੀ ਲਿਆਉਣ ਅਤੇ ਸਥਾਪਕ ਕਿਸਾਨਾਂ ਨੂੰ ਮੱਦਦ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਅਜਿਹੇ ਉਹਨਾਂ ਨੂੰ ਸ਼ਹਿਰੀ ਯੋਜਨਾ ਦੀਆਂ ਨੀਤੀਆਂ ਵਿਚ ਜਗ੍ਹਾ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਸ਼ਹਿਰਾਂ ਅਤੇ ਕਿਸਾਨਾਂ ਦੋਹਾਂ ਨੂੰ ਲਾਭ ਮਿਲ ਸਕੇ।

ਹਵਾਲੇ:

ਦੱਤਾ, ਡੀ. ਐਂਡ ਚੰਦਰਾਸੈਖਰਨ, ਐੱਸ. (2018). **ਇੱਕ ਸਮੁਦਾਇ ਵਿੱਚ ਖੇਤੀ ਦੀ ਕਿਰਿਆ ਵਾਤਾਵਰਣ ਦੀ ਪ੍ਰੇਰਣਾ ਨਾਲ ਮਿਲਦੀ ਹੈ।**

ਵਾਤਾਵਰਣ ਐਜੂਕੇਸ਼ਨ ਰਿਸਰਚ, 24 (8), 1192–1210.

ਪਾਰਨਲ, ਐੱਸ., ਇਲਮਵੀਸਟ, ਟੀ., ਐੱਮ.ਸੀ.ਫੈਰਸਨ, ਟੀ., ਨਾਗੀਨਦਰਾ, ਐੱਚ. ਐਂਡ ਸੋਰਲੀਨ, ਐੱਸ. (2018).

ਜਾਣ ਪਹਿਚਾਣ: ਸਥਿਤੀ ਨੂੰ ਜਾਣਨਾ ਅਤੇ ਇੱਕ ਸ਼ਹਿਰੀ ਗ੍ਰਹਿ ਲਈ ਕਾਰਜ। ◆

ਦੇਬੋਰਾਹ ਦੱਤਾ
ਸੀਨੀਅਰ ਰਿਸਰਚ ਫੈਲੋ,
ਲੀਵਿੰਗ ਫਾਰਮ ਇਨਕਮ ਪ੍ਰੋਜੈਕਟ,
ਇਨਸਟੀਟਿਊਟ ਰੂਰਲ ਮੈਨੈਜਮੈਂਟ, ਆਨੰਦ – 388001
E-mail: deborah@irma.ac.in;
debbiebornfree@gmail.com

Urban Farming initiatives
LEISA India, September 2020